# ਦਫ਼ਤਰ ਨਗਰ ਨਿਗਮ ਹੁਸ਼ਿਆਰਪੁਰ

# ਪ੍ਰੈਸ ਨੋਟ

## ਪਿੱਪਲਾਂਵਾਲਾ ਦੇ ਰੰਗੀ ਰਾਮ ਵਾਲੀ ਗਲੀ ਵਿਚ ਬਣ ਰਹੀ ਪੁਲੀ ਦੀ ਮੇਅਰ ਸ਼ਿਵ ਸੂਦ ਵਲੋਂ ਅਚਨਚੇਤ ਚੈਕਿੰਗ

ਹੁਸ਼ਿਆਰਪੁਰ 6 ਮਈ ਨਗਰ ਨਿਗਮ ਦੇ ਵਾਰਡ ਨੰ: 20 ਪਿੱਪਲਾਂਵਾਲਾ ਵਿਖੇ ਰੰਗੀ ਰਾਮ ਵਾਲੀ ਗਲੀ ਵਿਚ ਬਰਸਾਤੀ ਨਾਲੇ ਤੇ ਬਣ ਰਹੀ ਪੁਲੀ ਦੇ ਚੱਲ ਰਹੇ ਕੰਮ ਦੀ ਮੇਅਰ ਸ਼ਿਵ ਸੂਦ ਨੇ ਅਚਨਚੇਤ ਚੈਕਿੰਗ ਕੀਤੀ। ਸੀਨੀਅਰ ਡਿਪਟੀ ਮੇਅਰ ਪ੍ਰੇਮ ਸਿੰਘ ਪਿੱਪਲਾਂਵਾਲਾ, ਕਾਰਜਕਾਰੀ ਇੰਜੀਨੀਅਰ ਸਤੀਸ਼ ਸੈਣੀ, ਐਸ.ਡੀ.ਓ ਹਰਪ੍ਰੀਤ ਸਿੰਘ, ਕੁਲਦੀਪ ਸਿੰਘ, ਜੇ.ਈ ਅਕਸ਼ੇ ਬਾਂਸਲ, ਗੁਰਪ੍ਰੀਤ ਸਿੰਘ ਅਤੇ ਵਿਨੋਦ ਪਰਮਾਰ ਵੀ ਇਸ ਮੌਕੇ ਤੇ ਉਹਨਾਂ ਦੇ ਨਾਲ ਸਨ। ਮੇਅਰ ਸ਼ਿਵ ਸੂਦ ਨੇ ਬਰਸਾਤੀ ਨਾਲੇ ਤੇ ਬਣਾਈ ਜਾ ਰਹੀ ਪੁਲੀ ਦੇ ਨਿਰਮਾਣ ਦੀ ਚੈਕਿੰਗ ਕਰਨ ਉਪਰੰਤ ਸਬੰਧਤ ਅਧਿਕਾਰੀਆਂ ਨੂੰ ਕਿਹਾ ਕਿ ਇਸ ਨੂੰ ਬਣਾਉਣ ਵੇਲੇ ਬਰਸਾਤ ਦੌਰਾਨ ਇਸ ਵਿਚ ਆਉਣ ਵਾਲੇ ਪਾਣੀ ਦੀ ਨਿਕਾਸੀ ਨੂੰ ਧਿਆਨ ਵਿਚ ਰੱਖਕੇ ਬਣਾਇਆ ਜਾਵੇ ਅਤੇ ਨਿਰਮਾਣ ਦੇ ਕੰਮ ਵਿਚ ਉੱਚ ਕੁਆਲਟੀ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ।